**ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ,**
**ਈ-ਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼ - 8, ਐਸ.ਏ.ਐਸ. ਨਗਰ,**
**ਗ੍ਰਾਂਟ ਸ਼ਾਖਾ**

ਹੁਕਮ ਨੰ. DPISE-GPIOFINC/16/2023-GRANT PENSION-1-DPISE/565116/ ਮਿਤੀ, ਐਸ.ਏ.ਐਸ. ਨਗਰ, 09.05.2025

ਵਿਸ਼ਾ - ਪੰਜਾਬ ਸਰਕਾਰ ਦੇ ਸਰਕਾਰੀ ਸਹਾਇਤਾ ਪ੍ਰਾਪਤ ਏਡਿਡ ਸਕੂਲਾਂ ਵਿੱਚ ਕੰਮ ਕਰਦੇ ਕਰਮਚਾਰੀਆਂ ਨੂੰ 6ਵੇਂ ਪੇਅ ਕਮਿਸ਼ਨ ਦੀਆਂ ਸਿਫਾਰਿਸ਼ਾਂ ਤਹਿਤ ਮਿਤੀ 01.11.2024 ਤੋਂ 42 ਪ੍ਰਤੀਸ਼ਤ ਦੇ ਹਿਸਾਬ ਨਾਲ ਮਹਿੰਗਾਈ ਭੱਤਾ ਦੇਣ ਸਬੰਧੀ।

ਪੰਜਾਬ ਸਰਕਾਰ ਵਿੱਤ ਵਿਭਾਗ ਵੱਲੋਂ ਜਾਰੀ ਪੱਤਰ FD-FP-10DA/3/2024-1FP1/100 ਮਿਤੀ 30.10.2024 ਰਾਹੀਂ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਮਿਤੀ 01.11.2024 ਤੋਂ 38 ਪ੍ਰਤੀਸ਼ਤ ਤੋਂ 42 ਪ੍ਰਤੀਸ਼ਤ (4 ਪ੍ਰਤੀਸ਼ਤ ਦੇ ਵਾਧੇ ਨਾਲ) ਦੀ ਦਰ ਤੇ ਮਹਿੰਗਾਈ ਭੱਤਾ ਦੇਣ ਦੀ ਮੰਜ਼ੂਰੀ ਦਿੱਤੀ ਗਈ ਸੀ। ਪੰਜਾਬ ਰਾਜ ਦੇ ਏਡਿਡ ਸਕੂਲਾਂ ਵਿੱਚ ਕੰਮ ਕਰਦੇ ਏਡਿਡ ਕਰਮਚਾਰੀਆਂ ਨੂੰ ਵਿੱਤ ਵਿਭਾਗ ਦੇ ਪੱਤਰ ਨੰ. FD-FE-201(SE)/16/2023-3FE2-Part(1)I/869189/2024 ਮਿਤੀ 26.06.2024 ਰਾਹੀਂ 01.07.2024 ਤੋਂ ਛੇਵੇਂ ਪੇਅ ਕਮਿਸ਼ਨ ਦੀ ਮੰਜ਼ੂਰੀ ਦਿੱਤੀ ਗਈ ਸੀ। The Punjab Privately Managed Recognised Schools Employees (Security of Service) Rules, 1979 [Punjab Act No. 18 of 1979] ਦੇ ਰੂਲ ਨੰ. 7 ਅਨੁਸਾਰ ਸਰਕਾਰੀ ਅਤੇ ਏਡਿਡ ਕਰਮਚਾਰੀਆਂ ਦੀ ਤਨਖਾਹ ਅਤੇ ਮਹਿੰਗਾਈ ਭੱਤੇ ਦੀ ਸਮਾਨਤਾ ਹੋਣ ਕਾਰਣ **ਏਡਿਡ ਕਰਮਚਾਰੀਆਂ ਨੂੰ ਛੇਵੇਂ ਪੇਅ ਕਮਿਸ਼ਨ ਦੀਆਂ ਸਿਫਾਰਿਸ਼ਾਂ ਤਹਿਤ ਮਿਤੀ 01.11.2024 ਤੋਂ 42 ਪ੍ਰਤੀਸ਼ਤ ਦੇ ਹਿਸਾਬ ਨਾਲ ਮਹਿੰਗਾਈ ਭੱਤੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

2. ਉਪਰੋਕਤ ਦਰਸਾਏ ਡੀ.ਏ. ਦੀਆਂ ਕਿਸ਼ਤਾਂ ਦਾ ਲਾਭ ਪੰਜਾਬ ਸਰਕਾਰ ਦੇ ਪ੍ਰਾਈਵੇਟਲੀ ਮੈਨੇਜਡ ਰੀਕੋਗਨਾਇਜ਼ਡ ਏਡਿਡ ਸਕੂਲਾਂ ਵਿੱਚ ਦਿੱਲੀ ਪ੍ਰਣਾਲੀ ਗ੍ਰਾਂਟ ਇਨ ਏਡ ਸਕੀਮ ਅਧੀਨ ਮਿਤੀ 01.12.1967 ਤੋਂ ਪ੍ਰਵਾਨਿਤ ਆਸਾਮੀਆਂ ਵਿਰੁੱਧ ਕੰਮ ਕਰਦੇ ਕਰਮਚਾਰੀਆਂ ਤੇ ਲਾਗੂ ਹੋਵੇਗਾ।

3. ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ. 3/2/1994-1 ਐਫ.ਪੀ. 1/ 3346 ਮਿਤੀ 24.04.1996 ਦੇ ਪੈਰਾ ਨੰ. 3,4,5,6 ਅਤੇ 9 ਵਿੱਚ ਅਤੇ ਗਸ਼ਤੀ ਪੱਤਰ ਨੰ. 3/2/1997- ਐਫ.ਪੀ. 1/ 3504 ਮਿਤੀ 16.04.2002 ਦੇ ਪੈਰਾ ਨੰ. 2 ਵਿੱਚ ਦਰਜ ਉਪਬੰਧ ਇਨ੍ਹਾਂ ਵਧੀਆਂ ਮਹਿੰਗਾਈ ਦਰਾਂ ਤੇ ਇੰਨ-ਬਿੰਨ ਲਾਗੂ ਹੋਣਗੇ।

ਸ੍ਰੀ, ਗੁਰਿੰਦਰ ਸਿੰਘ ਸੋਢੀ, ਪੀ.ਸੀ.ਐਸ.,
ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ)
ਪੰਜਾਬ

ਪਿੱਠ ਅੰਕਣ ਨੰ. -ਉਕਤ- SPL-13052025-1 ਐਸ.ਏ.ਐਸ. ਨਗਰ, 13-05-2025
ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ -

1. ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ।
2. ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
3. ਪ੍ਰੀਖਿਅਕ (ਲੇਖਾ ਤੇ ਫੰਡ), ਪੰਜਾਬ, ਸੈਕਟਰ 33 - ਏ, ਚੰਡੀਗੜ੍ਹ।
4. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਆਡਿਟ ਸੈੱਲ/ਬਜਟ ਸ਼ਾਖਾ, ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ)।
5. ਬਜਟ ਸ਼ਾਖਾ, ਡਾਇਰੈਕਟਰ ਆਫ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ।
6. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਖਜਾਨਾ ਅਫਸਰ।
7. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ ਐ.ਸਿ.) ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਹ ਮੰਨਜੂਰੀ ਆਪ ਦੇ ਅਧੀਨ ਚੱਲ ਰਹੇ ਪੰਜਾਬ ਸਰਕਾਰ ਦੇ ਪ੍ਰਾਈਵੇਟਲੀ ਮੈਨੇਜਡ ਰੀਕੋਗਨਾਇਜ਼ਡ ਏਡਿਡ ਸਕੂਲਾਂ ਦੇ ਧਿਆਨ ਵਿੱਚ ਲਿਆ ਦਿੱਤੀ ਜਾਵੇ।

(ਮਹੇਸ਼ ਕੁਮਾਰ)
ਸਹਾਇਕ ਡਾਇਰੈਕਟਰ (ਪ੍ਰਾ.ਏ.ਸ.)